If not delivered
please sent back
to following address

Ladhar Cafe
Near bus stand chowk,
opposite Nest snack bar,
above ATM of Bank of
Maharashtra,
Hoshiarpur, Punjab

ਲੋਕ ਲੀਡਰ

LOK LEADER

Regn No. : PUNMUL/2015/65249

Postal registration : PB-HSP-36/2015-16

ਹੱਕ ਸੱਚ ਦੀ ਬੁਲੰਦ ਆਵਾਜ਼

ਲੋਕ ਲੀਡਰ
ਸਮਾਚਾਰ ਪੱਤਰ ਅਤੇ
ਵੈਬਸਾਈਟ 'ਤੇ
ਵਿਗਿਆਪਨ ਦੇਣ ਲਈ
ਸੰਪਰਕ ਕਰੋ
ਮੋ. :
98157-24943

ਸਾਲ-04 ਅੰਕ-06 ਸੰਪਾਦਕ-ਰੂਪ ਲਾਲ www.lokleader.com lokleader 7 ਜੂਨ ਤੋਂ 21 ਜੂਨ 2018 ਮੁੱਲ-5 ਰੁਪਏ

ਅੰਦਰ ਪੜ੍ਹੋ

ਬਸਪਾ-ਕਾਂਗਰਸ ਦਾ ਹੋ ਸਕਦਾ ਹੈ ਗੱਠਜੋੜ ਪੇਜ 2

ਦਲਿਤ ਔਰਤਾਂ ਦਾ ਸੰਘਰਸ਼ : ਜ਼ਮੀਨ ਮਿਲੀ... ਪੇਜ 3

ਡੇਰਾ ਸੱਚਖੰਡ ਬੱਲਾਂ ਦੇ ਮੰਚ ਤੋਂ ਰਾਖਵੇਂਕਰਨ... ਪੇਜ 3

ਅੱਤਿਆਚਾਰਾਂ ਦਾ ਸ਼ਿਕਾਰ ਹੋਣ ਵਾਲੇ ਦੱਬੇ-ਕੁਚਲੇ... ਪੇਜ 4

1 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਪਕੌੜਾ-ਪਾਨ... ਪੇਜ 4

ਤੇਲ ਦੀਆਂ ਵਧਦੀਆਂ ਕੀਮਤਾਂ : ਦੇਸ਼ ਦੀ... ਪੇਜ 5

ਪੈਰ 'ਤੇ ਪੈਰ ਰੱਖ ਕੇ ਬੈਠ ਨਹੀਂ ਸਕਦੇ ਦਲਿਤ... ਪੇਜ 5

ਬੇਟੀਆਂ ਦੇ ਪੈਰਾਂ 'ਚ ਸਮਾਜਿਕ ਬੇੜੀਆਂ... ਪੇਜ 7

ਬ੍ਰਿਟੇਨ 'ਚ ਸਕੂਲਾਂ, ਕੰਮਕਾਜ ਦੇ ਖੇਤਰਾਂ 'ਚ ਹੋ ਰਿਹਾ ਐੱਸਸੀ ਵਰਗਾਂ ਨਾਲ ਜਾਤੀ ਭੇਦਭਾਵ

ਅਨੁਸੂਚਿਤ ਜਾਤੀ ਵਰਗਾਂ ਦੇ ਲੋਕ ਭੇਦਭਾਵ ਖਿਲਾਫ ਕਰ ਰਹੇ ਅਲੱਗ ਕਾਨੂੰਨ ਦੀ ਮੰਗ

ਜਾਤੀਵਾਦੀ ਲੋਕ ਵਿਦੇਸ਼ ਚਲੇ ਗਏ, ਨਾਲ ਜਾਤ ਦਾ 'ਕੂੜਾ' ਵੀ ਲੈ ਗਏ

UNITE FOR DIGNITY
OUTLAW
CASTE DISCRIMINATION
IN U.K.
We Demand Equality We Demand Justice We Demand Dignity

> "ਭਾਰਤੀ ਮੂਲ ਦੇ ਉੱਚ ਜਾਤੀ ਦੇ ਵਿਦਿਆਰਥੀ ਯੂਕੇ 'ਚ ਆਪਣੇ ਨਾਲ ਪੜ੍ਹਨ ਵਾਲੇ ਐੱਸਸੀ ਵਿਦਿਆਰਥੀਆਂ ਨੂੰ ਜਾਤੀਸੂਚਕ ਸ਼ਬਦ ਕਹਿ ਕੇ ਜ਼ਲੀਲ ਕਰਦੇ ਹਨ। ਕਈ ਮਾਮਲਿਆਂ ਵਿੱਚ ਜਾਤੀ ਆਧਾਰਿਤ ਭੇਦਭਾਵ ਕਾਰਨ ਐੱਸਸੀ ਵਿਦਿਆਰਥੀਆਂ ਨੇ ਸਕੂਲ ਹੀ ਛੱਡ ਦਿੱਤਾ। ਨੌਕਰੀਆਂ ਵਿੱਚ ਭਰਤੀ ਤੇ ਪ੍ਰਮੋਸ਼ਨ ਵਿੱਚ ਵੀ ਅਜਿਹੇ ਮਾਮਲੇ ਸਾਹਮਣੇ ਆਏ, ਜਿੱਥੇ ਉੱਚ ਜਾਤੀ ਦੇ ਲੋਕਾਂ ਨੇ ਐੱਸਸੀ ਵਰਗਾਂ ਦੇ ਮੌਕੇ ਖੋਹ ਲਏ।"

ਅਨੁਸੂਚਿਤ ਜਾਤੀ (ਐੱਸਸੀ) ਵਰਗ ਦੇ ਲੋਕ ਸਿਰਫ ਭਾਰਤ ਵਿੱਚ ਹੀ ਨਹੀਂ, ਵਿਦੇਸ਼ੀ ਧਰਤੀ 'ਤੇ ਵੀ ਜਾਤੀ ਭੇਦਭਾਵ ਦੇ ਸ਼ਿਕਾਰ ਹੋ ਰਹੇ ਹਨ। ਭਾਰਤ ਵਾਂਗ ਹੁਣ ਉਨ੍ਹਾਂ ਦੇਸ਼ਾਂ ਵਿੱਚ ਵੀ ਜਾਤੀਵਾਦ ਖਿਲਾਫ ਆਵਾਜ਼ ਉੱਠਣੀ ਸ਼ੁਰੂ ਹੋ ਚੁੱਕੀ ਹੈ। ਬ੍ਰਿਟੇਨ ਵਿੱਚ ਇਸੇ ਤਰ੍ਹਾਂ ਰਹਿ ਰਹੇ ਐੱਸਸੀ ਵਰਗ ਦੇ ਲੋਕ ਛੂਆਛਾਤ ਤੇ ਜਾਤੀਵਾਦ ਖਿਲਾਫ ਲੜਾਈ ਲੜ ਰਹੇ ਹਨ।

ਬ੍ਰਿਟੇਨ ਵਿੱਚ ਦੱਖਣ ਏਸ਼ੀਆਈ ਮੂਲ ਦੇ ਕਰੀਬ 30 ਲੱਖ ਲੋਕ ਰਹਿੰਦੇ ਹਨ। ਬ੍ਰਿਟੇਨ ਦੀਆਂ ਏਜੰਸੀਆਂ ਦਾ ਅਨੁਮਾਨ ਹੈ ਕਿ ਇਨ੍ਹਾਂ ਵਿੱਚੋਂ 50 ਹਜ਼ਾਰ ਤੋਂ 2 ਲੱਖ ਵਿਚਕਾਰ ਆਬਾਦੀ ਐੱਸਸੀ ਵਰਗ ਦੇ ਲੋਕਾਂ ਦੀ ਹੈ। ਬ੍ਰਿਟੇਨ ਵਿੱਚ ਐੱਸਸੀ ਵਰਗਾਂ 'ਤੇ ਹੋਣ ਵਾਲੇ ਅੱਤਿਆਚਾਰਾਂ ਨੂੰ ਰੋਕਣ ਲਈ ਕੋਈ ਕਾਨੂੰਨ ਨਹੀਂ ਹੈ। ਹਾਲਾਂਕਿ ਉੱਥੇ ਨਸਲੀ ਅੱਤਿਆਚਾਰ ਰੋਕਣ ਲਈ ਕਾਨੂੰਨ ਹੈ। ਭਾਰਤੀ ਮੂਲ ਦੇ ਦਲਿਤਾਂ ਦਾ ਦਾਅਵਾ ਹੈ ਕਿ ਜੇਕਰ ਕਾਲਾ ਵਿਅਕਤੀ ਨਸਲੀ ਭੇਦਭਾਵ ਦਾ ਸ਼ਿਕਾਰ ਹੁੰਦਾ ਹੈ ਤਾਂ ਉਹ ਇਸ ਕਾਨੂੰਨ ਤਹਿਤ ਮਾਮਲਾ ਦਰਜ ਕਰਵਾ ਕੇ ਨਿਆਂ ਦੀ ਅਪੀਲ ਕਰ ਸਕਦਾ ਹੈ, ਪਰ ਕਿਸੇ ਦੱਖਣ ਏਸ਼ੀਆਈ ਮੂਲ ਦੇ ਵਿਅਕਤੀ ਨੂੰ ਜਾਤੀਸੂਚਕ ਸ਼ਬਦ ਜਾਂ ਛੂਆਛਾਤ ਦਾ ਸ਼ਿਕਾਰ ਹੋਣਾ ਪੈਂਦਾ ਹੈ ਤਾਂ ਨਿਆਂ ਪਾਉਣਾ ਤਾਂ ਦੂਰ ਉਹ ਅਧਿਕਾਰੀਆਂ ਨੂੰ ਇਹ ਸਮਝਾ ਵੀ ਨਹੀਂ ਪਾਉਂਦਾ ਕਿ ਉਹ ਨਸਲੀ ਭੇਦਭਾਵ ਵਰਗੇ ਹੀ ਖਤਰਨਾਕ ਜਾਤੀ ਭੇਦਭਾਵ ਜਾਂ ਛੂਆਛਾਤ ਦਾ ਸ਼ਿਕਾਰ ਹੋ ਰਿਹਾ ਹੈ।

ਪਿਛਲੇ ਕਈ ਦਹਾਕਿਆਂ ਤੋਂ ਬ੍ਰਿਟੇਨ ਵਿੱਚ ਰਹਿਣ ਵਾਲੇ ਐੱਸਸੀ ਵਰਗ ਦੇ ਲੋਕ ਕਹਿ ਰਹੇ ਹਨ ਕਿ ਭਾਰਤ ਵਾਂਗ ਇੰਗਲੈਂਡ ਵਿੱਚ ਵੀ ਉਨ੍ਹਾਂ ਨੂੰ ਜਾਤ-ਪਾਤ ਆਧਾਰਿਤ ਭੇਦਭਾਵ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਬ੍ਰਿਟੇਨ ਵਿੱਚ ਲੰਮੇ ਸਮੇਂ ਤੋਂ ਜਾਤੀਵਾਦ ਨੂੰ ਕਾਨੂੰਨੀ ਅਪਰਾਧ ਐਲਾਨ ਕਰਾਉਣ ਦੀ ਲੜਾਈ ਲੜ ਰਹੀ ਸਾਬਕਾ ਅਧਿਕਾਰੀ ਤੇ ਸਮਾਜਿਕ ਵਰਕਰ ਸੰਤੋਸ਼ ਦਾਸ ਮੁਤਾਬਕ, "ਪਹਿਲਾਂ ਤਾਂ ਕੋਈ ਮੰਨਦਾ ਹੀ ਨਹੀਂ ਸੀ ਕਿ ਬ੍ਰਿਟੇਨ ਵਿੱਚ ਐੱਸਸੀ ਵਰਗ ਦੇ ਲੋਕਾਂ ਨਾਲ ਭੇਦਭਾਵ ਹੋ ਰਿਹਾ ਹੈ ਅਤੇ ਇਹ ਭੇਦਭਾਵ ਹੋਰ ਕੋਈ ਨਹੀਂ, ਸਗੋਂ ਬ੍ਰਿਟੇਨ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਉੱਚ ਜਾਤੀ ਦੇ ਲੋਕ ਹੀ ਕਰ ਰਹੇ ਹਨ।" ਬ੍ਰਿਟੇਨ ਵਿੱਚ ਛੂਆਛਾਤ ਦੀ ਰਿਪੋਰਟ ਤਿਆਰ ਕਰਨ ਦਾ ਕੰਮ ਦਸੰਬਰ 2010 ਵਿੱਚ ਨੈਸ਼ਨਲ ਇੰਸਟੀਟਿਊਟ ਆਫ ਇਕੋਨਾਮਿਕ ਐਂਡ ਸੋਸ਼ਲ ਰਿਸਰਚ ਨੂੰ ਸੌਂਪਿਆ ਗਿਆ। ਸੰਸਥਾਨ ਵੱਲੋਂ ਹਿਲੇਰੀ ਮੇਟਕਾਫ ਅਤੇ ਹੀਥਰ ਰੋਲਫ ਨੇ ਕਾਸਟ ਡਿਸਕ੍ਰਿਮਿਨੇਸ਼ਨ ਐਂਡ ਹੈਰਾਸਮੈਂਟ ਇਨ ਗ੍ਰੇਟ ਬ੍ਰਿਟੇਨ ਨਾਂ ਦੀ ਆਪਣੀ 114 ਪੇਜ਼ ਦੀ ਰਿਪੋਰਟ 28 ਜੁਲਾਈ 2011 ਨੂੰ ਸੌਂਪ ਦਿੱਤੀ। ਰਿਪੋਰਟ ਵਿੱਚ ਜੋ ਕਿਹਾ ਗਿਆ, ਉਹ ਹੈਰਾਨ ਕਰਨ ਵਾਲਾ ਸੀ।

ਰਿਪੋਰਟ ਵਿੱਚ ਬ੍ਰਿਟੇਨ 'ਚ ਰਹਿ ਰਹੇ ਐੱਸਸੀ ਸਮਾਜ ਦੇ ਲੋਕਾਂ ਅਤੇ ਉੱਥੇ ਕੰਮ ਕਰ ਰਹੇ ਦੋ ਦਰਜਨ ਤੋਂ ਜ਼ਿਆਦਾ ਦਲਿਤ ਸੰਗਠਨਾਂ ਨਾਲ ਗੱਲਬਾਤ ਕੀਤੀ ਗਈ। ਸਕੂਲਾਂ ਵਿੱਚ ਕੀਤੇ ਗਏ ਸਰਵੇ ਤੋਂ ਪਤਾ ਲੱਗਾ ਕਿ ਭਾਰਤੀ ਮੂਲ ਦੇ ਉੱਚ ਜਾਤੀ ਦੇ ਵਿਦਿਆਰਥੀ ਆਪਣੇ ਨਾਲ ਪੜ੍ਹਨ ਵਾਲੇ ਐੱਸਸੀ ਵਿਦਿਆਰਥੀਆਂ ਨੂੰ ਜਾਤੀਸੂਚਕ ਸ਼ਬਦ ਕਹਿ ਕੇ ਜ਼ਲੀਲ ਕਰਦੇ ਹਨ। ਕੁਝ ਅਜਿਹੇ ਮਾਮਲੇ ਵੀ ਸਾਹਮਣੇ ਆਏ, ਜਿੱਥੇ ਪਹਿਲਾਂ ਤੋਂ ਵਿਦਿਆਰਥੀਆਂ ਵਿੱਚ ਦੋਸਤੀ ਸੀ, ਪਰ ਇੱਕ-ਦੂਜੇ ਦੀ ਜਾਤ ਪਤਾ ਲੱਗਣ ਤੋਂ ਬਾਅਦ ਉਨ੍ਹਾਂ ਦਾ ਵਿਵਹਾਰ ਬਦਲ ਗਿਆ। ਕਈ ਮਾਮਲਿਆਂ ਵਿੱਚ ਜਾਤੀ ਆਧਾਰਿਤ ਭੇਦਭਾਵ ਕਾਰਨ ਵਿਦਿਆਰਥੀਆਂ ਨੇ ਸਕੂਲ ਹੀ ਛੱਡ ਦਿੱਤਾ। ਇੱਕ ਮਾਮਲੇ ਵਿੱਚ ਤਾਂ ਇੱਕ ਵਿਦਿਆਰਥੀ ਨੇ ਸਕੂਲ ਆਉਣਾ ਹੀ ਛੱਡ ਦਿੱਤਾ ਅਤੇ ਘਰ ਰਹਿ ਕੇ ਈਅਰਫੋਨ ਤੋਂ ਕਲਾਸ ਅਟੈਂਡ ਕੀਤੀ। ਨੌਕਰੀਆਂ ਵਿੱਚ ਭਰਤੀ ਅਤੇ ਪ੍ਰਮੋਸ਼ਨ ਵਿੱਚ ਵੀ ਅਜਿਹੇ ਮਾਮਲੇ ਸਾਹਮਣੇ ਆਏ, ਜਿੱਥੇ ਉੱਚ ਜਾਤੀ ਦੇ ਲੋਕਾਂ ਨੇ ਐੱਸਸੀ ਵਰਗਾਂ ਦੇ ਮੌਕੇ ਖੋਹ ਲਏ। ਕਈ ਮਾਮਲਿਆਂ ਵਿੱਚ ਐੱਸਸੀ ਵਰਗਾਂ ਨੂੰ ਅਲੱਗ ਬੈਠ ਕੇ ਭੋਜਨ ਕਰਨਾ ਪੈਂਦਾ ਹੈ, ਕਿਉਂਕਿ ਉੱਚ ਜਾਤੀ ਵਾਲੇ ਉਨ੍ਹਾਂ ਨਾਲ ਬੈਠਣਾ ਪਸੰਦ ਨਹੀਂ ਕਰਦੇ। ਜ਼ਿਆਦਾਤਰ ਮਾਮਲਿਆਂ ਵਿੱਚ ਪੀੜਤ

● ਬਾਕੀ ਖ਼ਬਰ ਪੇਜ 2 'ਤੇ

'ਅਸੁਰੱਖਿਅਤ ਮਹਿਸੂਸ ਕਰਦੇ ਨੇ ਧਾਰਮਿਕ ਘੱਟ ਗਿਣਤੀ ਲੋਕ'

- ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਰਿਪੋਰਟ 'ਚ ਘੱਟ ਗਿਣਤੀਆਂ ਦੀ ਸੁਰੱਖਿਆ 'ਤੇ ਚੁੱਕੇ ਸਵਾਲ

ਅਮਰੀਕਾ ਦੇ ਵਿਦੇਸ਼ ਮੰਤਰੀ ਨੇ ਸਾਲ 2017 ਦੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਰਿਪੋਰਟ ਬੀਤੇ ਦਿਨੀਂ ਜਾਰੀ ਕੀਤੀ। ਇਸਦੇ ਰਾਹੀਂ ਭਾਰਤ ਵਿੱਚ ਧਾਰਮਿਕ ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਚੁੱਕੇ ਗਏ ਹਨ। 'ਦ ਵਾਇਰ' ਮੁਤਾਬਕ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਸਾਲ 2017 ਦੇ ਪਹਿਲੇ 6 ਮਹੀਨਿਆਂ ਵਿੱਚ ਇਸਾਈਆਂ 'ਤੇ ਅੱਤਿਆਚਾਰ ਕਰਨ ਦੀਆਂ 410 ਘਟਨਾਵਾਂ ਸਾਹਮਣੇ ਆਈਆਂ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 2017 ਵਿੱਚ ਹਿੰਦੂ ਰਾਸ਼ਟਰਵਾਦੀ ਸਮੂਹਾਂ ਦੀ ਹਿੰਸਾ ਕਾਰਨ ਧਾਰਮਿਕ ਘੱਟ ਗਿਣਤੀ ਸਮਾਜ ਨੇ ਖੁਦ ਨੂੰ ਬਹੁਤ ਜ਼ਿਆਦਾ ਅਸੁਰੱਖਿਅਤ ਮਹਿਸੂਸ ਕੀਤਾ।

NOT IN MY NAME
नफ़रत के ख़िलाफ़
हम सब की आवाज़

ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੋਮਪੀਓ ਨੇ ਅਮਰੀਕੀ ਕਾਂਗਰਸ ਸਰਕਾਰ ਵੱਲੋਂ ਆਥੋਰਾਈਜ਼ਡ 2017 ਦੀ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਸਲਾਨਾ ਰਿਪੋਰਟ ਜਾਰੀ ਕੀਤੀ। ਇਸਦੇ ਮੁਤਾਬਕ, ਧਾਰਮਿਕ ਸਮਾਜ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਜਿੱਥੇ ਰਾਸ਼ਟਰੀ ਸਰਕਾਰ ਨੇ ਕੁਝ ਵਾਰ ਹਿੰਸਾ ਦੀਆਂ ਘਟਨਾਵਾਂ ਖਿਲਾਫ ਬੋਲਿਆ, ਉੱਥੇ ਸਥਾਨਕ ਨੇਤਾਵਾਂ ਨੇ ਸ਼ਾਇਦ ਹੀ ਅਜਿਹਾ ਕੀਤਾ ਅਤੇ ਕਈ ਵਾਰ ਤਾਂ ਜਨਤੱਕ ਟਿੱਪਣੀਆਂ ਕੀਤੀਆਂ, ਜਿਨ੍ਹਾਂ ਦਾ ਮਤਲਬ ਹਿੰਸਾ ਦੀ ਅਣਦੇਖੀ ਕਰਨ ਤੋਂ ਕੱਢਿਆ ਜਾ ਸਕਦਾ ਹੈ। ਇਸ ਵਿੱਚ ਇਹ ਵੀ ਕਿਹਾ ਗਿਆ, "13 ਜੁਲਾਈ 2017 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਊ ਮਾਂਸ ਵਪਾਰੀਆਂ, ਗਊ ਮਾਂਸ ਉਪਭੋਗਤਾਵਾਂ

● ਬਾਕੀ ਖ਼ਬਰ ਪੇਜ 2 'ਤੇ

ਸ਼ਰਾਬਬੰਦੀ ਕਾਨੂੰਨ ਦਾ ਸਭ ਤੋਂ ਜ਼ਿਆਦਾ ਅਸਰ ਦਲਿਤਾਂ-ਪੱਛੜਿਆਂ 'ਤੇ

ਸਭ ਤੋਂ ਜ਼ਿਆਦਾ ਐੱਸਸੀ, ਐੱਸਟੀ ਤੇ ਓਬੀਸੀ ਜੇਲ੍ਹਾਂ ਵਿੱਚ ਬੰਦ

- 2 ਸਾਲਾਂ ਵਿੱਚ ਕਾਨੂੰਨ ਉਲੰਘਣਾ 'ਚ 1.22 ਲੱਖ ਲੋਕ ਕੀਤੇ ਗਏ ਗ੍ਰਿਫਤਾਰ

ਅਪ੍ਰੈਲ ਮਹੀਨੇ 'ਚ ਬਿਹਾਰ 'ਚ ਸ਼ਰਾਬਬੰਦੀ ਕਾਨੂੰਨ ਲਾਗੂ ਹੋਏ ਨੂੰ 2 ਸਾਲ ਪੂਰੇ ਹੋ ਗਏ। ਅੰਕੜੇ ਦੱਸਦੇ ਹਨ ਕਿ ਇਸ ਕਾਨੂੰਨ ਦੀ ਸਭ ਤੋਂ ਜ਼ਿਆਦਾ ਚਪੇਟ ਵਿੱਚ ਐੱਸਸੀ, ਐੱਸਟੀ ਤੇ ਓਬੀਸੀ ਵਰਗਾਂ ਦੇ ਲੋਕ ਆਏ ਹਨ। ਇਸ ਸਬੰਧ 'ਚ 'ਇੰਡੀਅਨ ਐਕਸਪ੍ਰੈੱਸ' ਦੀ ਇੱਕ ਰਿਪੋਰਟ ਦੱਸਦੀ ਹੈ ਕਿ ਬਿਹਾਰ ਦੀ 8 ਕੇਂਦਰੀ, 32 ਜ਼ਿਲ੍ਹਾ ਤੇ 17 ਉਪ ਜੇਲ੍ਹਾਂ ਵਿੱਚ ਸ਼ਰਾਬਬੰਦੀ ਕਾਨੂੰਨ ਦੀ ਉਲੰਘਣਾ ਵਿੱਚ ਅਪ੍ਰੈਲ 2016 ਤੋਂ ਬਾਅਦ ਜਿੰਨੇ ਐੱਸਸੀ ਤੇ ਓਬੀਸੀ ਲੋਕਾਂ ਨੂੰ ਬੰਦ ਕੀਤਾ ਗਿਆ, ਉਸਦਾ ਫੀਸਦੀ ਸੂਬੇ ਵਿੱਚ ਉਨ੍ਹਾਂ ਦੀ ਕੁੱਲ ਆਬਾਦੀ ਦੇ ਸ਼ੇਅਰ ਤੋਂ ਜ਼ਿਆਦਾ ਹੈ।

ਉਦਾਹਰਨ ਲਈ 27.1 ਫੀਸਦੀ ਐੱਸਸੀ ਲੋਕ ਗ੍ਰਿਫਤਾਰ ਕੀਤੇ ਗਏ, ਜਦਕਿ ਬਿਹਾਰ ਵਿੱਚ ਇਨ੍ਹਾਂ ਦੀ ਕੁੱਲ ਆਬਾਦੀ 16 ਫੀਸਦੀ ਹੈ। 6.8 ਫੀਸਦੀ ਐੱਸਟੀ ਵਰਗ ਦੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਦਕਿ ਇਨ੍ਹਾਂ ਦਾ ਕੁੱਲ ਫੀਸਦੀ 1.3 ਹੈ। ਬਿਹਾਰ ਵਿੱਚ ਕੁੱਲ ਓਬੀਸੀ 25 ਫੀਸਦੀ ਹਨ, ਜਦਕਿ ਸ਼ਰਾਬਬੰਦੀ ਦੀ ਉਲੰਘਣਾ ਵਿੱਚ 34.4 ਫੀਸਦੀ ਲੋਕ ਜੇਲ੍ਹਾਂ ਵਿੱਚ ਸੁੱਟੇ ਗਏ। ਬਿਹਾਰ ਦੀਆਂ 8 ਸੈਂਟਰਲ ਜੇਲ੍ਹਾਂ, 32 ਜ਼ਿਲ੍ਹਾ ਜੇਲਾਂ ਅਤੇ 17 ਸਬ ਜੇਲ੍ਹਾਂ ਤੋਂ ਹਾਸਲ ਅੰਕੜਿਆਂ ਤੋਂ ਇਹ ਖੁਲਾਸਾ ਹੋਇਆ ਹੈ। ਪ੍ਰੋਹੀਬਿਸ਼ਨ ਇਨ ਬਿਹਾਰ : ਦ ਫਾਲਆਊਟ' ਨਾਂ ਨਾਲ ਜਾਰੀ ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਮੁਤਾਬਕ, ਸਾਲ 2016 ਦੇ ਅਪ੍ਰੈਲ ਮਹੀਨੇ ਤੋਂ ਬਿਹਾਰ ਵਿੱਚ ਸ਼ਰਾਬਬੰਦੀ ਕਾਨੂੰਨ ਲਾਗੂ ਕੀਤਾ ਗਿਆ ਸੀ। ਜੇਲ੍ਹ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 80 ਫੀਸਦੀ ਕੈਦੀ, ਜਿਹੜੇ ਜੇਲ੍ਹ ਵਿੱਚ ਬੰਦ ਹਨ, ਉਹ ਸਾਰੇ ਦੋ ਸਾਲ ਪਹਿਲਾਂ ਲਾਗੂ ਹੋਏ ਸ਼ਰਾਬਬੰਦੀ ਕਾਨੂੰਨ ਤਹਿਤ ਗ੍ਰਿਫਤਾਰ

● ਬਾਕੀ ਖ਼ਬਰ ਪੇਜ 2 'ਤੇ

ਬਿਨਾਂ ਅਦਾਲਤੀ ਵਾਰੰਟ ਦੇ ਕੀਤੀ ਜਾ ਸਕਦੀ ਹੈ ਗ੍ਰਿਫਤਾਰੀ

ਬਿਹਾਰ ਪ੍ਰੋਹੀਬਿਸ਼ਨ ਐਂਡ ਐਕਸਾਈਜ਼ ਐਕਟ 6 ਅਪ੍ਰੈਲ 2016 ਨੂੰ ਲਾਗੂ ਹੋਇਆ ਸੀ। ਇਸਦੀ ਧਾਰਾ 29 ਤੋਂ 41 ਤਹਿਤ ਸ਼ਰਾਬ ਪੀਣਾ, ਰੱਖਣਾ, ਵੇਚਣਾ ਅਤੇ ਬਣਾਉਣਾ ਗੈਰਜ਼ਮਾਨਤੀ ਅਪਰਾਧ ਹੈ। ਇਸ ਕਾਨੂੰਨ ਤਹਿਤ ਜੇਕਰ ਕੋਈ ਬਾਲਿਗ ਵਿਅਕਤੀ ਘਰ ਵਿੱਚ ਸ਼ਰਾਬ ਪੀ ਰਿਹਾ ਹੈ ਤਾਂ ਉਸਦੇ ਇਲਾਵਾ ਘਰ ਵਿੱਚ ਮੌਜੂਦ ਹੋਰ ਬਾਲਿਗ ਮੈਂਬਰਾਂ 'ਤੇ ਵੀ ਬਰਾਬਰ ਧਾਰਾ ਤਹਿਤ ਮਾਮਲਾ ਦਰਜ ਹੋਵੇਗਾ। ਬਿਨਾਂ ਅਦਾਲਤੀ ਵਾਰੰਟ ਦੇ ਗ੍ਰਿਫਤਾਰੀ ਕੀਤੀ ਜਾ ਸਕਦੀ ਹੈ। ਹਾਲਾਂਕਿ ਦੋਸ਼ੀ ਬਾਅਦ ਵਿੱਚ ਪੱਕੀ ਜ਼ਮਾਨਤ ਮੰਗ ਸਕਦਾ ਹੈ। ਸਮਾਜਿਕ ਐਕਟੀਵਿਸਟਾਂ ਦਾ ਦੋਸ਼ ਹੈ ਕਿ ਬਿਹਾਰ ਦੀ ਨੀਤੀਸ਼ ਕੁਮਾਰ ਸਰਕਾਰ ਨੇ ਇਸ ਕਾਨੂੰਨ ਦੇ ਤਹਿਤ ਵੱਡੇ ਲੋਕਾਂ 'ਤੇ ਸ਼ਿਕੰਜਾ ਕੱਸਣ ਦਾ ਕੰਮ ਨਹੀਂ ਕੀਤਾ। ਜਿਹੜੇ ਲੋਕ ਸੂਬੇ ਵਿੱਚ ਸ਼ਰਾਬ ਮਾਫੀਆ ਦੇ ਰੂਪ ਵਿੱਚ ਕੰਮ ਕਰ ਰਹੇ ਹਨ, ਉਨ੍ਹਾਂ 'ਤੇ ਸਖਤ ਕਾਰਵਾਈ ਨਹੀਂ ਹੋਈ।

'ਐੱਸਸੀ ਵਰਗ ਦੇ ਮੁਲਾਜ਼ਮਾਂ ਨੂੰ ਬਣਦੀ ਤਰੱਕੀ ਦੇਵੇ ਸਰਕਾਰ'

- ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਦਿੱਤੀ ਹਦਾਇਤ

ਤਰੱਕੀ ਬਾਰੇ ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਇੱਕ ਫੈਸਲੇ ਤੋਂ ਬਾਅਦ ਪੰਜਾਬ ਐਂਡ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਹਦਾਇਤ ਜਾਰੀ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀ (ਐੱਸਸੀ) ਵਰਗ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਬਣਦੀ ਤਰੱਕੀ ਤੇ ਹੋਰ ਲਾਭ ਦੇਵੇ। ਖ਼ਬਰਾਂ ਮੁਤਾਬਕ, ਸੁਪਰੀਮ ਕੋਰਟ ਨੇ 17 ਮਈ ਨੂੰ ਇੱਕ ਮਾਮਲੇ ਵਿੱਚ ਅੰਤਰਿਮ ਆਦੇਸ਼ ਦਿੰਦੇ ਹੋਏ ਕਿਹਾ ਸੀ ਕਿ ਰਾਖਵੀਂ ਸ਼੍ਰੇਣੀ ਤੋਂ ਰਾਖਵੀਂ ਸ਼੍ਰੇਣੀ ਵਿੱਚ ਅਤੇ ਜਨਰਲ ਸ਼੍ਰੇਣੀ ਤੋਂ ਜਨਰਲ ਸ਼੍ਰੇਣੀ ਵਿੱਚ ਤਰੱਕੀ ਨਾ ਰੋਕੀ ਜਾਵੇ ਅਤੇ ਰਾਖਵੇਂਕਰਨ ਦੇ ਸੁਪਰੀਮ ਕੋਰਟ ਵਿੱਚ ਚੱਲ ਰਹੇ ਮਾਮਲੇ ਨੂੰ ਮੁਲਾਜ਼ਮਾਂ ਦੀ ਤਰੱਕੀ ਵਿੱਚ ਅੜਿੱਕਾ ਨਾ ਬਣਾਇਆ ਜਾਵੇ। ਦੱਸਿਆ ਜਾਂਦਾ ਹੈ ਕਿ ਜਗਰੂਪ ਸਿੰਘ ਤੇ ਦੋ ਹੋਰਨਾਂ ਨੇ ਐਡਵੋਕੇਟ ਗਗਨਪ੍ਰਦੀਪ ਸਿੰਘ ਬੱਲ ਰਾਹੀਂ ਪਟੀਸ਼ਨ ਦਾਖਲ ਕਰਕੇ ਹਾਈਕੋਰਟ ਦਾ ਧਿਆਨ ਦਿਵਾਇਆ ਸੀ ਕਿ ਉਨ੍ਹਾਂ ਦੀ ਤਰੱਕੀ ਲਈ ਡਿਪਾਰਟਮੈਂਟਲ ਪ੍ਰਮੋਸ਼ਨ ਕਮੇਟੀ (ਡੀਪੀਸੀ) ਦੀ ਮੀਟਿੰਗ ਹੋ ਚੁੱਕੀ ਹੈ, ਪਰ ਤਰੱਕੀ ਬਾਰੇ ਪੁੱਛਣ 'ਤੇ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ। ਇਸ 'ਤੇ ਐੱਸਸੀ/ਬੀਸੀ ਇੰਪਲਾਈਜ਼ ਐਸੋਸੀਏਸ਼ਨ ਵੱਲੋਂ ਸਰਕਾਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਕਿ ਤਰੱਕੀ ਦਿੱਤੀ ਜਾਣੀ ਚਾਹੀਦੀ ਹੈ, ਪਰ ਕੋਈ ਗੱਲ ਨਹੀਂ ਹੋਈ। ਇਸੇ ਦੌਰਾਨ ਸੁਪਰੀਮ ਕੋਰਟ ਨੇ 17 ਮਈ ਨੂੰ ਜਰਨੈਲ ਸਿੰਘ ਬਨਾਮ ਲਕਸ਼ਮੀ ਨਾਰਾਇਣ ਮਾਮਲੇ ਵਿੱਚ ਦਾਖਲ

● ਬਾਕੀ ਖ਼ਬਰ ਪੇਜ 2 'ਤੇ

ਸਹਿਯੋਗ ਲਈ ਖਾਤਾ ਨੰਬਰ

LOK LEADER
Union Bank of India
Una road,
Bajwara bhatha,
Distt. Hoshiarpur,
Punjab
408401010031030
IFSC code UBIN
0540846

ਨਿਮਰਤਾ ਸਹਿਤ ਬੇਨਤੀ ਹੈ ਕਿ ਲੋਕ ਲੀਡਰ ਅਦਾਰੇ ਨੂੰ ਚਲਦਾ ਰੱਖਣ ਲਈ ਵਿੱਤੀ ਸਹਾਇਤਾ ਦੀ ਅਤਿ ਜ਼ਰੂਰਤ ਹੈ। ਕਿਰਪਾ ਕਰਕੇ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।
-ਧੰਨਵਾਦ ਸਮੇਤ

ਮੋ. : 98157-24943

lokleader1@gmail.com

ਜੇਲ੍ਹਾਂ 'ਚ ਦਲਿਤ : ਭਾਰਤ ਬੰਦ ਦੌਰਾਨ ਗੰਭੀਰ ਧਾਰਾਵਾਂ ਤਹਿਤ ਗ੍ਰਿਫਤਾਰ ਕੀਤੇ ਨਾਬਾਲਿਗ ਦਲਿਤ 2 ਮਹੀਨਿਆਂ ਤੋਂ ਜੇਲ੍ਹਾਂ 'ਚ ਬੰਦ

'ਪੁਲਸ ਨੇ ਪੁੱਛਿਆ-ਤੂੰ ਚਮਾਰ ਹੈ ? ਹਾਂ ਕਹਿਣ 'ਤੇ ਜੇਲ੍ਹ 'ਚ ਸੁੱਟਿਆ'

- ਆਪਣੇ ਬੱਚਿਆਂ ਨੂੰ ਛੁਡਾਉਣ ਲਈ ਭਟਕ ਰਹੇ ਹਨ ਪਰਿਵਾਰਕ ਮੈਂਬਰ



ਸਚਿਨ ਦੇ ਪਿਤਾ ਧਰਮਵੀਰ ਸਿੰਘ

ਅਜੈ ਦੀ ਮਾਂ ਰੌਸ਼ਨੀ

ਅਭਿਸ਼ੇਕ ਦੀ ਮਾਂ ਸੁੰਦਰੀ

ਚਮਾਰਾਂ ਨੂੰ ਜ਼ਿਆਦਾ ਮਸਤੀ ਚੜ੍ਹ ਰਹੀ ਹੈ। ਇਹ ਕਹਿ ਕੇ ਮੈਡੀਕਲ ਥਾਣਾ ਪੁਲਸ ਦੇ ਅਫਸਰ ਭਜਾ ਦਿੰਦੇ ਹਨ। ਜਦ ਵੀ ਮੈਂ ਜੇਲ੍ਹ ਵਿੱਚ ਬੰਦ ਆਪਣੇ ਬੇਟੇ ਬਾਰੇ ਗੱਲ ਕਰਨ ਜਾਂਦਾ ਹਾਂ। ਮੇਰਾ ਬੇਟਾ ਸਚਿਨ ਸੇਂਟ ਦੇਵਾਸ਼੍ਰਮ ਵਿੱਚ ਪੜ੍ਹਾਈ ਕਰਦਾ ਹੈ। ਉਸਦੀ ਉਮਰ 15 ਸਾਲ ਹੈ, ਪਰ 2 ਅਪ੍ਰੈਲ ਨੂੰ ਪੁਲਸ ਨੇ ਉਸਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਅਤੇ ਉਸਦੀ ਉਮਰ 20 ਸਾਲ ਲਿਖ ਦਿੱਤੀ। ਇਹ ਗੱਲ ਦੱਸਦੇ ਹੋਏ ਧਰਮਵੀਰ ਸਿੰਘ ਰੋ ਪੈਂਦੇ ਹਨ।

ਧਰਮਵੀਰ ਉੱਤਰ ਪ੍ਰਦੇਸ਼ ਦੇ ਮੇਰਠ ਸ਼ਹਿਰ ਦੇ ਕਲੀਆਗੜ੍ਹੀ ਦੀਆਂ ਤੰਗ ਗਲੀਆਂ ਵਿੱਚ ਬਣੇ ਛੋਟੇ ਜਿਹੇ ਮਕਾਨ ਵਿੱਚ ਰਹਿੰਦੇ ਹਨ। ਐੱਸਸੀ-ਐੱਸਟੀ ਐਕਟ ਵਿੱਚ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਨਿਰਦੇਸ਼ ਤੋਂ ਬਾਅਦ 2 ਅਪ੍ਰੈਲ ਨੂੰ ਦਲਿਤ ਸੰਗਠਨਾਂ ਨੇ ਭਾਰਤ ਬੰਦ ਦਾ ਐਲਾਨ ਕੀਤਾ ਸੀ। ਇਸ ਦੌਰਾਨ ਵੱਖ-ਵੱਖ ਸੂਬਿਆਂ ਵਿੱਚ ਹਿੰਸਾ ਦੇਖਣ ਨੂੰ ਮਿਲੀ, ਜਿਸ ਵਿੱਚ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵੀ ਸ਼ਾਮਲ ਹਨ। ਧਰਮਵੀਰ ਸਿੰਘ ਦੀ 60 ਸਾਲ ਦੀ ਪਤਨੀ ਰਾਮੇਸਰੀ ਦੂਜਿਆਂ ਦੇ ਘਰਾਂ ਵਿੱਚ ਸਫਾਈ ਦਾ ਕੰਮ ਕਰਦੀ ਹਨ। ਉਨ੍ਹਾਂ ਦੇ 3 ਬੇਟੇ ਹਨ, ਉਹ ਵੀ ਮਜ਼ਦੂਰੀ ਦਾ ਕੰਮ ਕਰਦੇ ਹਨ, ਪਰ ਹੁਣ ਉਹ ਧਰਮਵੀਰ ਦੇ ਪਰਿਵਾਰ ਦੇ ਨਾਲ ਨਹੀਂ ਰਹਿੰਦੇ। ਕਰੀਬ ਦੋ ਮਹੀਨੇ ਤੋਂ ਜੇਲ੍ਹ ਵਿੱਚ ਬੰਦ ਛੋਟਾ ਬੇਟਾ ਸਚਿਨ ਹੀ ਹੁਣ ਉਨ੍ਹਾਂ ਦੇ ਪਰਿਵਾਰ ਦੇ ਨਾਲ ਰਹਿੰਦਾ ਹੈ। 62 ਸਾਲ ਦੇ ਧਰਮਵੀਰ ਨੇ ਦੱਸਿਆ, "ਮੇਰਾ ਬੇਟਾ ਕੋਚਿੰਗ ਲਈ ਮਾਸਟਰ ਜੀ ਦੇ ਕੋਲ ਗਿਆ ਸੀ। ਉਸੇ

● ਬਾਕੀ ਖ਼ਬਰ ਪੇਜ 2 'ਤੇ

ਬੱਚਿਆਂ 'ਤੇ ਲਗਾ ਦਿੱਤੀਆਂ ਹੱਤਿਆ ਦੀ ਕੋਸ਼ਿਸ਼, ਦੰਗੇ, ਡਕੈਤੀ ਦੀਆਂ ਧਾਰਾਵਾਂ

ਤਿੰਨੋ ਦਲਿਤ ਬੱਚਿਆਂ (ਸਚਿਨ, ਅਜੈ, ਅਭਿਸ਼ੇਕ) ਦੇ ਆਧਾਰ ਕਾਰਡ ਦੇ ਹਿਸਾਬ ਨਾਲ ਉਹ ਨਾਬਾਲਿਗ ਹਨ। ਐੱਫਆਈਆਰ ਦਰਜ ਕਰਦੇ ਸਮੇਂ ਪੁਲਸ ਨੇ ਇੱਕ ਹੀ ਤਰ੍ਹਾਂ ਦੇ ਮਾਮਲੇ ਸਾਰਿਆਂ 'ਤੇ ਲਗਾਏ ਹਨ। ਬੇਸ਼ੱਕ ਉਹ ਨਾਬਾਲਿਗ ਹੋਣ ਜਾਂ ਬਾਲਿਗ। ਹੋਰ ਲੋਕਾਂ ਤੋਂ ਇਲਾਵਾ ਇਨ੍ਹਾਂ ਤਿੰਨੋ ਬੱਚਿਆਂ 'ਤੇ ਵੀ 15 ਮਾਮਲੇ ਦਰਜ ਕੀਤੇ ਗਏ ਹਨ। ਆਈਪੀਸੀ ਦੀ ਧਾਰਾ 147, ਧਾਰਾ 148, ਧਾਰਾ 149 (ਦੰਗਾ), ਧਾਰਾ 332 (ਸਰਕਾਰੀ ਅਫਸਰ ਨੂੰ ਸੱਟ ਪਹੁੰਚਾਉਣਾ), ਧਾਰਾ 353, 336, 435, 307 (ਹੱਤਿਆ ਦੀ ਕੋਸ਼ਿਸ਼), ਧਾਰਾ 395 (ਡਕੈਤੀ), ਧਾਰਾ 504 (ਸ਼ਾਂਤੀ ਭੰਗ), ਧਾਰਾ 120ਬੀ (ਅਪਰਾਧਿਕ ਸਾਜ਼ਿਸ਼), ਧਾਰਾ 427 ਤੋਂ ਇਲਾਵਾ ਕਈ ਹੋਰ ਗੰਭੀਰ ਧਾਰਾਵਾਂ ਤਹਿਤ ਇਨ੍ਹਾਂ ਤਿੰਨ ਬੱਚਿਆਂ ਖਿਲਾਫ ਕਾਰਵਾਈ ਕੀਤੀ ਗਈ ਹੈ। ਪੀੜਤ ਪਰਿਵਾਰਾਂ ਨੇ ਸਵਾਲ ਚੁੱਕਿਆ ਹੈ ਕਿ ਪੁਲਸ ਕਿਵੇਂ ਇੱਕੋ ਜਿਹੀਆਂ ਧਾਰਾਵਾਂ ਤਹਿਤ ਸਾਰਿਆਂ ਨੂੰ ਗ੍ਰਿਫਤਾਰ ਕਰ ਸਕਦੀ ਹੈ। ਇਨ੍ਹਾਂ ਪਰਿਵਾਰ ਦੇ ਵਕੀਲ ਸਤੀਸ਼ ਕੁਮਾਰ ਦਾ ਕਹਿਣਾ ਹੈ, "12 ਸਾਲ ਦੇ ਬੱਚਿਆਂ 'ਤੇ ਵੀ ਧਾਰਾ 129ਬੀ ਤੇ 307 ਲਗਾ ਦਿੱਤੀ ਗਈ ਹੈ। ਹੁਣ ਦੱਸੋ ਇੰਨੇ ਛੋਟੇ ਬੱਚੇ ਸਾਜ਼ਿਸ਼, ਡਕੈਤੀ ਤੇ ਹੱਤਿਆ ਦੀ ਕੋਸ਼ਿਸ਼ ਵਿੱਚ ਸ਼ਾਮਲ ਹੋ ਸਕਦੇ ਹਨ? ਇੱਕੋ ਧਾਰਾਵਾਂ ਸਾਰਿਆਂ 'ਤੇ ਲਗਾਉਣ ਤੋਂ ਪਤਾ ਚਲਦਾ ਹੈ ਕਿ ਪੁਲਸ ਨੇ ਬਿਨਾਂ ਤੱਥਾਂ ਤੇ ਜਾਂਚ ਦੇ ਜੋ ਵੀ ਦਲਿਤ ਸਮਾਜ ਨਾਲ ਸਬੰਧਤ ਦਿਖਾਈ ਦਿੱਤਾ, ਉਸ 'ਤੇ ਕੋਈ ਵੀ ਧਾਰਾ ਲਗਾ ਦਿੱਤੀ। ਪੁਲਸ ਦਾ ਕੰਮ ਹੈ ਕਿ ਜਾਂਚ ਕਰਦੇ ਅਤੇ ਪਤਾ ਲਗਾਉਂਦੇ ਕਿ ਕੌਣ-ਕੌਣ ਸ਼ਾਮਲ ਸੀ ਅਤੇ ਕਿਸਨੇ ਕੀ ਕੀਤਾ। ਬੱਸ ਦਲਿਤ ਦੇਖ ਕੇ ਸਾਰਿਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ।"